# Lekh 50 *Drm Xw mzhb Bwg 5*

ਮਾਂ-ਆਪਣੇ ਬਚਿਆਂ ਨੂੰ ਉਹਨਾਂ ਦੀ ਕਿਸਮਤ ਤੇ ਨਹੀਂ ਛੱਡਦੀ, ਬਲਕਿ **'ਮਮਤਾ' ਦੇ ਪਿਆਰ ਵਿਚ** ਉਹਨਾਂ ਨੂੰ, ਭੈੜੀ ਕੁਸੰਗਤ ਤੋਂ ਬਚਾ ਕੇ, ਚੰਗੇਰੇ ਤੇ ਉਚੇਰੇ ਜੀਵਨ ਵਲ **ਪ੍ਰੇਰਦੀ** ਰਹਿੰਦੀ ਹੈ।

ਐਨ ਏਸੇ ਤਰ੍ਹਾਂ-ਅਕਾਲ ਪੁਰਖ ਨੇ ਭੀ ਆਪਣੀ **'ਅੰਸ ਰੂਪ' ਜੀਵਾਂ ਨੂੰ** ਮਾਇਕੀ ਮੰਡਲ ਦੇ ਭਰਮ-ਭੁਲਾਵੇ ਤੋਂ **ਮੋੜ ਕੇ** :—

1. ਨੀਵੇਂ ਅਤੇ ਭੈੜੇ ਜੀਵਨ ਤੋਂ ਬਚਾਉਣ ਲਈ,
2. ਉਚੇਰੀ ਦੈਵੀ 'ਜੀਵਨ-ਸੇਧ' ਦੇਣ ਲਈ,
3. ਮਾਇਆ ਦੇ ਅਗਨ-ਸ਼ੋਕ ਸਾਗਰ ਤੋਂ ਬਚਾਉਣ ਲਈ,
4. ਜਮਾਂ ਤੋਂ ਰਖਿਆ ਲਈ,
5. ਭਜਨ ਬੰਦਗੀ ਦੇ ਉਤਸ਼ਾਹ ਲਈ,
6. ਦੈਵੀ ਗੁਣ ਧਾਰਨ ਲਈ,
7. 'ਲੋਕ-ਸੁਖੀ ਅਤੇ ਪ੍ਰਲੋਕ ਸੁਹੇਲਾ' ਬਣਾਉਣ ਲਈ,
8. ਆਤਮਿਕ ਕਲਿਆਨ ਲਈ,
9. ਇਲਾਹੀ ਪਿਆਰ ਮਾਣਨ ਲਈ,
10. ਸ਼ਬਦ ਵਿਚ ਸੁਰਤ ਜੋੜਨ ਲਈ,

ਸਮੇਂ ਸਮੇਂ ਸਿਰ, ਗੁਰੂ ਅਵਤਾਰ, ਮਹਾਂਪੁਰਖ, ਜੱਗ ਵਿਚ ਪਠਾਏ ਜਿਨ੍ਹਾਂ ਨੇ ਆਪਣੀ ਨਿਘੀ ਗੁਣਾਂ ਭਰੀ ਸ਼ਖਸੀਅਤ, ਉਚੇ ਸੁਚੇ ਨਿਜੀ-ਜੀਵਨ ਅਤੇ ਕਲਿਆਣ-ਦਾਇਕ ਬਚਨਾਂ ਅਤੇ ਬਾਣੀਆਂ ਦੁਆਰਾ, ਸਮੇਂ ਦੀ ਲੋੜ ਨੂੰ ਮੁਖ ਰਖਕੇ, ਵਖ-ਵਖ ਦੇਸ਼ਾਂ ਵਿਚ, ਅੱਡ-ਅੱਡ **ਬਾਹਰਲੇ 'ਧਰਮ' ਸਾਜੇ**, ਅਤੇ ਉਹਨਾਂ ਦਾ ਪ੍ਰਚਾਰ ਕੀਤਾ।

ਭਾਵੇਂ ਇਹਨਾਂ ਧਰਮਾਂ ਦੇ ਰੇਖ, ਭੇਖ, ਦਰਸ਼ਨ, ਅਸੂਲ, ਮਰਿਆਦਾ, ਰਹੁ-ਰੀਤਾਂ, ਰਵਾਇਤਾਂ, ਕਰਮ-ਕਿਰਿਆ, ਸਾਧਨ, ਬੋਲੀ, ਬਾਣੀ, ਮੰਤ੍ਰ ਅਤੇ ਨਾਉਂ, ਬਾਹਰੋਂ ਵੱਖ-ਵੱਖ, ਮੁਖ਼ਾਲਿਫ਼ ਤੇ ਉਲਟ ਪ੍ਰਤੀਤ ਹੁੰਦੇ ਹਨ, ਪਰ ਜੇ ਗਹੁ ਨਾਲ ਘੋਖਿਆ ਜਾਵੇ ਤਾਂ ਇਹਨਾਂ ਸਾਰਿਆਂ ਦੀ ਤਹਿ ਹੇਠ **ਇਕੋ-ਇਕ, ਗ਼ੈਬੀ, ਗੁਪਤ, ਸੂਖਮ ਆਤਮਿਕ 'ਧਰਮੁ' ਦੀ ਹੀ 'ਭਾਵਨਾ' ਯਾ 'ਪ੍ਰੀਤ-ਡੋਰੀ' ਦੀ ਅਮਿਟ 'ਖਿੱਚ' ਪ੍ਰਤੀਤ ਹੋਵੇਗੀ।**



# Lekh 50 Religion or Creed Part 5

A mother does not leave her children to face their own fate. On the contrary, driven by motherly love, she saves them from bad company and keeps motivating them towards a better and loftier life.

Exactly in the same way, the Timeless Being Waheguru causes HIS 'form of off-spring' beings to turn away from the doubt-fallacy of the materialistic sphere and in order to :-

1 save them from a base and negative life,
2 give them a lofty virtuous' direction to life,
3 save them from materialism's burning ocean of grief.
4 protect them from Jam, the couriers of death,
5 inspire them with contemplation and worship,
6 inculcate divine virtues in them,
7 experience 'peace in this world and the next as well',
8 provide salvation,
9 make them experience and enjoy Divine Love,
10 link their attention into the Shabad

from time to time HE sent into the world gurus, prophets, evolved souls, who with their virtue filled warm personality, lofty and pure individual lives, and through their salvation giving words and writings, they propagated their message in different countries, set up external 'religions' depending upon the needs of the day.

Although the forms, patterns, appearances, laws, conduct, practices, customs, rites-rituals, methods, scriptures, chants and names appear different, contradictory and opposite, but if you look and delve into them more closely then in the folds of these religions there one will feel the incessant 'pull' of the one and only one, secret, invisible, subtle desire for spiritual 'religion' or ' 'love-cord'.

ਜਿਨ੍ਹਾਂ ਪਛੜੇ ਲੋਕਾਂ ਨੂੰ ਕਿਸੇ 'ਰੱਬੀਅਤ' ਯਾ ਧਰਮ ਦਾ ਕੋਈ ਗਿਆਨ ਨਹੀਂ ਹੁੰਦਾ, ਉਹ ਕਈ ਵਾਰੀ ਭੈ-ਭੀਤ ਅਤੇ ਬੇਵਸ ਹੋਏ ਕੁਦਰਤੀ **ਆਫ਼ਤਾਂ ਤੋਂ ਬਚਣ ਲਈ**, ਜਾਂ ਕਿਸੇ **ਸੁਆਰਥ ਦੀ ਪੂਰਤੀ ਲਈ**, ਜਾਂ ਦੂਜਿਆਂ ਦੀ ਵੇਖੋ-ਵੇਖੀ ਅਥਵਾ **ਰੀਸ ਕਰਕੇ** ਆਪਣੇ ਤੋਂ ਕਿਸੇ **'ਪ੍ਰਬਲ' ਸ਼ਕਤੀ ਦੀ ਓਟ ਜਾਂ ਆਸਰਾ ਭਾਲਦੇ ਹਨ।** ਉਹਨਾਂ ਨੂੰ **ਖੁਸ਼ ਕਰਨ ਅਤੇ ਕਰੋਪੀ ਤੋਂ ਬਚਣ ਲਈ, ਸੁਖਣਾ ਸੁਖਦੇ ਜਾਂ ਪੂਜਾ ਆਦਿ ਕਰਦੇ ਹਨ**; ਜਿਹਾ ਕਿ ਪਾਣੀ, ਬੈਸੰਤਰ, ਗੁੱਗਾ, ਭੂਤ, ਪ੍ਰੇਤ, ਚੰਦ, ਸੂਰਜ, ਥਿਤ, ਵਾਰ, ਗਊ, ਪਿੱਪਲ, ਦੇਵੀ-ਦੇਵਤੇ, ਭੈਰੋਂ, ਸ਼ੀਤਲਾ ਆਦਿ, **'ਤੇਤੀ-ਕਰੋੜ' ਦੇਵੀ-ਦੇਵਤਿਆਂ ਦੀ ਲੋਕ 'ਮਨੌਤ' ਕਰਦੇ ਆਏ ਹਨ।**

ਲੋਕਾਂ ਦਾ, ਉਸ ਅਗੰਮ, ਅਗਾਧ-ਬੋਧ, ਅਦ੍ਰਿਸ਼ਟ ਬਾਰੇ **ਗਿਆਨ ਨਾ ਹੋਣ ਕਰਕੇ, ਦੇਵੀ-ਦੇਵਤੇ ਦੀ ਸ਼ਰਣ ਜਾਣਾ ਅਤੇ ਮਨੌਤ-ਕਰਨੀ**, ਉਸੇ **ਅੰਤ੍ਰ-ਮੁਖੀ ਗ਼ੈਬੀ ਆਤਮਿਕ 'ਧਰਮ' ਦਾ ਹੀ 'ਝੌਲਾ' ਜਿਹਾ ਪ੍ਰਤੀਕ ਜਾਂ ਬਾਹਰਮੁਖੀ ਪ੍ਰਗਟਾਵਾ ਹੈ।**

ਇਹ ਅੰਤ੍ਰੀਵ ਗ਼ੈਬੀ, ਇਕੋ-ਇਕ, 'ਆਤਮਿਕ ਧਰਮੁ' ਤਾਂ ਅਲਪ ਬੁਧੀ ਵਾਲੇ ਜੀਵ ਦੀ **ਸਮਝ ਅਤੇ ਪਕੜ ਤੋਂ ਪਰੇ ਹੈ।** ਪਰ ਬਾਹਰਲੇ 'ਧਰਮ' ਨੂੰ ਅਜਿਹਾ 'ਜੀਵ' ਆਪਣੀ ਮਰਜ਼ੀ ਨਾਲ ਸਮਝ ਕੇ, **ਯਥਾ-ਸ਼ਕਤਿ ਕਮਾ ਸਕਦਾ ਹੈ** ਅਤੇ ਆਪਣਾ ਮਾਇਕੀ ਜੀਵਨ ਸਫ਼ਲ ਕਰ ਸਕਦਾ ਹੈ।

ਦੂਜੇ ਲਫ਼ਜ਼ਾਂ ਵਿਚ, **ਅੰਤ੍ਰੀਵ ਗ਼ੈਬੀ ਇਲਾਹੀ ਧਰਮੁ ਨੂੰ** :-

**ਬੁੱਝਣ ਅਤੇ ਅਨੁਭਵ ਕਰਨ ਲਈ,**

ਬਾਹਰਲੇ 'ਧਰਮ' ਦਾ ਗਿਆਨ ਅਤੇ ਕਮਾਈ ਇਕ ਪ੍ਰਕਾਰ ਨਾਲ ਪਉੜੀ, ਵਿਚੋਲਾ, ਪੁਲ, ਜ਼ਰੀਆ, ਸਾਧਨ, ਸੇਧ ਜਾਂ ਸੋਝੀ **ਬਣਦੀ ਹੈ।**

ਇਸ ਤਰ੍ਹਾਂ ਇਹ **ਬਾਹਰ-ਮੁਖੀ 'ਧਰਮ'** ਜੀਵ ਲਈ ਬੇਅਰਥ ਨਹੀਂ, ਸਗੋਂ ਅਤਿ ਜ਼ਰੂਰੀ ਅਤੇ **ਲਾਜ਼ਮੀ ਹਨ।**

ਇਹਨਾਂ **ਬਾਹਰਮੁਖੀ ਧਰਮਾਂ ਤੋਂ**

**ਬਗ਼ੈਰ**

ਇਨਸਾਨ **ਮਾਇਆ ਦੇ ਭਰਮ-ਭੁਲਾਵੇ ਵਿਚ** ਆਪਣੇ **ਅੰਤਰ-ਗਤ ਗ਼ੈਬੀ, ਇਲਾਹੀ ਧਰਮੁ ਤੋਂ ਅਗਿਆਤ ਅਤੇ ਬੇਮੁਖ ਹੋਇਆ ਰਹਿੰਦਾ ਹੈ** ਅਤੇ ਅਨਜਾਣੇ ਹੀ ਰਸਾਤਲ ਵਲ ਸਹਜ-ਸੁਭਾਇ ਰੁੜ੍ਹਿਆ ਜਾਂਦਾ ਹੈ। ਇਸ ਤਰ੍ਹਾਂ ਨੀਵੇਂ ਕਰਮਾਂ ਦੁਆਰਾ ਮੋਹ-ਮਾਇਆ ਦੇ ਅਗਨ-ਸ਼ੋਕ ਸਾਗਰ ਵਿਚ ਸੜਦਾ, ਬਲਦਾ ਰਹਿੰਦਾ ਹੈ, 'ਕਰਮ-ਬੱਧ' ਹੋ ਕੇ ਨਤੀਜੇ ਭੁਗਤਦਾ ਅਤੇ ਜਮਾਂ ਦੇ ਵਸ ਪੈਂਦਾ ਹੈ।



Those backward people who have no 'godly' knowledge or religion, many a time out of fear they become helpless, and to protect themselves from natural calamities or for fulfilling some personal needs, or just by seeing what others do, they imitate them and seek the protection of some 'power' higher than themselves. To appease them (the higher powers) and to safeguard themselves against their anger, they make vows or carry out worship of things like water, fire, serpent god, ghosts, demons, moon, sun, day, date, cow, boh tree, demi-gods, Shiva, mata (small-pox), '330 million' gods and goddesses and have been making vows.

Because of peoples lack of knowledge about the inaccessible, unfathomable, invisible (Wageguru), going to gods and goddesses and making vows is a faint sign or an external manifestation of that innate, secret, divine 'religion'.

This innate, secret, one and only one 'divine' religion' is beyond the understanding and grasp of man whose intellect is limited. Such a man can at will understand the external 'religion' and cultivate it according to his capability and make a success of his materialistic life.

In other words,:-

**in order to unravel and experience**

the innate, secret Divine Religion, the knowledge of the external 'religion' and its cultivation, in a way, becomes a ladder, a go-between, a bridge, a method, a way, a direction or an understanding.

In this way, this external 'religion' is not unnecessary; in fact it is very essential and mandatory.

Without these external religions

man, in the doubt-fallacy of materialism will remain ignorant and deprived of his innate, secret, divine 'religion, and without his knowing he is being spontaneously swept away towards hell. In this way through negative deeds, burning and smouldering in materialism's ocean of grief, bound by action and reaction, man faces the consequences and falls prey to Jam - the couriers of death.

ਬਾਹਰਮੁਖੀ ਧਰਮ—

ਅੱਡੋ-ਅੱਡ ਮਹਾਂਪੁਰਖਾਂ ਨੇ
ਭਿੰਨ ਭਿੰਨ ਦੇਸ਼ਾਂ ਵਿਚ
ਸਮੇਂ ਦੀ ਲੋੜ ਅਨੁਸਾਰ
ਅਲਗ-ਅਲਗ ਯੁਗ ਯਾ ਸਮੇਂ ਵਿਚ
ਵੱਖ ਵੱਖ ਵਾਤਾਵਰਨ ਵਿਚ
ਵੱਖ-ਵੱਖ ਬੋਲੀਆਂ ਸਮਝਣ ਤੇ ਬੋਲਣ ਵਾਲਿਆਂ ਲਈ,

**ਰਚੇ ਸਨ।** ਇਸ ਲਈ ਇਹਨਾਂ ਦੇ ਰੇਖਾਂ, ਭੇਖਾਂ, ਰਸਮਾਂ, ਰਵੈਤਾਂ, ਅਸੂਲਾਂ, ਮਰਿਆਦਾ, ਕਰਮ-ਕਿਰਿਆ, ਬਾਣੀ, ਮੰਤ੍ਰ, ਨਾਵਾਂ, ਬੋਲੀਆਂ, ਗਿਆਨ, ਸਾਧਨਾ,

**ਵਿਚਕਾਰ**—

ਅਪਣਤ, ਵਿਸ਼ੇਸ਼ਤਾ, ਭਿੰਨਤਾ, ਵਿਲੱਖਣਤਾ, ਵਖਰਾਪਨ ਹੋਣਾ ਸੁਭਾਵਕ ਹੈ।

ਬਾਹਰਮੁਖੀ **ਧਰਮਾਂ ਯਾ ਮਜ਼ਹਬਾਂ ਦੇ ਵਿਚਕਾਰ ਭਿੰਨਤਾ ਤੋਂ ਇਲਾਵਾ, ਆਪੂ ਅਪਣਾਏ, ਇਕੋ ਧਰਮ ਨੂੰ ਮੰਨਣ ਵਾਲਿਆਂ ਵਿਚ ਭੀ,** ਉਹਨਾਂ ਦੇ ਪਿਛਲੇ ਸੰਸਕਾਰਾਂ ਅਤੇ ਏਸ ਜਨਮ ਦੀ ਭਿੰਨ-ਭਿੰਨ ਸੰਗਤ ਅਤੇ ਵਾਤਾਵਰਣ ਅਨੁਸਾਰ, **ਵਿਲੱਖਣਤਾ ਹੁੰਦੀ ਹੈ।** ਹੋਰ ਤਾਂ ਹੋਰ, **ਇਕ ਪਰਿਵਾਰ ਦੇ ਮੈਂਬਰਾਂ** ਵਿਚ ਭੀ, **ਧਰਮ ਦੇ ਆਧਾਰ ਤੇ** —

ਵਿਤਕਰਾ
ਵਿਲੱਖਣਤਾ
ਖਿਚੋਤਾਣ
ਦਵੈਤ
ਸ਼ੱਕ
ਘਿਰਣਾ
ਤਅੱਸੁਬ

**ਆਮ ਵੇਖਣ ਵਿਚ ਆਉਂਦਾ ਹੈ।**

ਇਸ ਦੀਰਘ, **ਹਾਨੀਕਾਰਕ, 'ਸਵੈ-ਵਿਰੋਧੀ' ਧਾਰਮਿਕ ਖ਼ਿਆਲਾਂ ਅਤੇ ਨਿਸ਼ਚਿਆਂ ਦਾ ਮੁਢਲਾ ਕਾਰਨ** ਇਹ ਹੈ, ਕਿ ਅਸੀਂ ਆਪਣੇ ਗੁਪਤ, ਮੂਲ, ਅਸਲੀ, ਧੁਰੋਂ-ਆਏ, ਨਾਲ-ਲਿਖੇ, ਨਿਜੀ, ਅੰਤਰ-ਮੁਖੀ, ਆਤਮਿਕ, ਪ੍ਰੇਮ-ਸਰੂਪ. **ਇਕੋ-ਇਕ, 'ਧਰਮੁ' ਨੂੰ ਭੁਲ ਗਏ ਹਾਂ** ਅਤੇ **ਸਾਨੂੰ ਉਸ ਬਾਰੇ ਸੋਝੀ ਨਹੀਂ ਰਹੀ।**

ਇਸ **ਦੀਰਘ ਅਤੇ ਭਿਆਨਕ 'ਭੁੱਲ' ਵਿਚ,** ਸਿਰਫ਼ ਆਮ ਜਨਤਾ ਹੀ ਨਹੀਂ **ਬਲਕਿ ਸਾਡੇ ਅਖੌਤੀ ਧਾਰਮਿਕ ਪ੍ਰਚਾਰਕ ਅਤੇ ਆਗੂ ਭੀ, ਫਸੇ ਹੋਏ ਹਨ।**



External religions were created by–

different evolved souls
in various countries
according to the needs of the time
at different eras or periods of time
in varied environments
in different languages for those who could understand and

speak. That is why **within** their forms, patters, customs, practices, laws, conduct, rites and rituals, scriptures, chants, names, speech, knowledge, methods,

uniqueness, distinctiveness, divergence, singularity, individuality is a natural consequence.

Apart from the differences between the various external religions or creeds, even among those who profess the same religion, there are differences which are brought about by their previous karama and also by the varied company and atmosphere in this life. More than this even within the members of a family one can commonly see –

differences
individuality
confrontation
duality
suspicion
hatred
cruelty

which can be traced to religion.

The main reason for this serious, harmful, 'self-opposing' religious thoughts and beliefs is that we have forgotten our secret, original, real, delivered for the source itself, in-laid, personal innate, divine, embodiment of love, one and only one 'religion' and we have no knowledge about it what so ever.

The common masses are not the only ones who are in this serious and dangerous state of 'forgetfulness'. Our so called religious preachers and leaders are also trapped in it.

‘ਗੁਰਬਾਣੀ’ ਦੀ ਆਤਮਿਕ ਰੋਸ਼ਨੀ ਯਾ ਅਨੁਭਵੀ ਗਿਆਨ ਤੋਂ ਬਗੈਰ ਇਹ ਬਾਹਰਲੇ ‘ਧਰਮ’ ਭੀ ਮਾਇਆ ਦੇ ਭਰਮ-ਭੁਲਾਵੇ ਦੇ ‘ਹਨੇਰ’ ਵਿਚ ਹੀ ਵਿਚਰ ਰਹੇ ਹਨ।

''ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥'' (ਪੰਨਾ-੯੭੩)

''ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥'' (ਪੰਨਾ-੬੫੫)

ਦੂਜੇ ਲਫਜ਼ਾਂ ਵਿਚ, ਅਗਿਆਨਤਾ ਕਾਰਨ, ਅਸੀਂ ਗੁਰਬਾਣੀ ਦੀ ਆਤਮਿਕ ਰੋਸ਼ਨੀ ਤੋਂ ਓਹਲੇ ਹੋ ਗਏ ਹਾਂ ਅਤੇ ਮਾਇਆ ਦੇ ‘ਅੰਧ’ ਗੁਬਾਰ ਵਿਚ ਭੁਲੇ-ਭਟਕਦੇ ਬਾਹਰਲੇ ‘ਧਰਮਾਂ’ ਦੇ ਆਤਮਿਕ ‘ਆਦੇਸ਼ਾਂ’ ਅਤੇ ਉਪਦੇਸ਼ਾਂ ਨੂੰ ਭੀ :—

ਫੋਕੀ
ਕੂੜੀ
ਦਿਮਾਗੀ
ਗਲਤ
ਮਾਇਕੀ
ਹਉਧਾਰੀ

‘ਰੰਗਤ’ ਚਾੜ ਦਿੰਦੇ ਹਾਂ ਅਤੇ ਆਪੂ-ਘੜੇ ਖ਼ਿਆਲਾਂ, ਨਿਸਚਿਆਂ ਦੀ ਪਾਹ’ ਦੇ ਕੇ, ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਕਰਦੇ ਹਾਂ। ਇਸ ਤਰ੍ਹਾਂ ਅਸੀਂ

ਆਪਣੇ ਆਪ ਨੂੰ ਧੋਖਾ ਦਿੰਦੇ ਹਾਂ
ਗੁਰੂ ਤੋਂ ਬੇਮੁਖ ਹੁੰਦੇ ਹਾਂ
ਵੈਰ-ਵਿਰੋਧ ਵਧਾਉਂਦੇ ਹਾਂ
ਡਰ ਤੇ ਸਹਿਮ ਵਿਚ ਰਹਿੰਦੇ ਹਾਂ
ਆਪਣੇ ਧਾਰੇ ਹੋਏ ਧਰਮ ਦੀ ਨਿਖੇਧੀ ਕਰਦੇ ਹਾਂ
ਮੋਹ ਮਾਇਆ ਵਿਚ ਹੋਰ ਫਸਦੇ ਹਾਂ
ਮਾਇਆ ਵਿਚ ‘ਪਲਚ ਪਲਚ’ ਕੇ ਜੀਵਨ ਬਤੀਤ ਕਰਦੇ ਹਾਂ
ਕਰਮ-ਬੱਧ ਹੁੰਦੇ ਹਾਂ
ਜਮਾਂ ਦੇ ਵਸ ਪੈਂਦੇ ਹਾਂ, ਅਤੇ

ਆਪਣੇ ਅਸਲੀ ਨਿਜੀ ਇਲਾਹੀ ‘ਧਰਮੁ’ ਤੋਂ ਦੁਰੇਡੇ ਹੋ ਜਾਂਦੇ ਹਾਂ। ਸਾਨੂੰ ਇਹ ਗੱਲ ਭੁਲ ਜਾਂਦੀ ਹੈ ਕਿ, ਇਹ ਬਾਹਰ-ਮੁਖੀ ਧਰਮ ਤਾਂ ਕੇਵਲ —

| | | |
|---|---|---|
| ਯਤਨ ਹਨ | — | ਨਤੀਜਾ ਨਹੀਂ। |
| ਸਾਧਨ ਹਨ | — | ਪੂਰਨਤਾ ਨਹੀਂ। |
| ਪੌੜੀਆਂ ਹਨ | — | ਸ਼ਿਖਰ ਨਹੀਂ। |
| ਪੜਾ ਹਨ | — | ਮੰਜ਼ਿਲ ਨਹੀਂ। |



Without the divine illumination of ‘Gurbani’ or intuitional knowledge, these external religions too are operating in the ‘darkness’ of materialism’s doubt-fallacy.

1 *They read and reflect upon all the Names of God; they listen, but they do not see the Lord, the embodiment of love and intuition.* *973*

2 *What use is reading and listening,*
*if celestial peace is not attained?* *655*

In other words because of ignorance we have moved away from the divine illumination of Gurbani, and lost and floundering in the ‘blind’ balloon of materialism, we graft the hue of –

hollowness
falsehood
intellectualism
wrongness
materialism
selfishness

onto the divine ‘aims’ and teachings of external ‘religions’ and we fulfill our own selfish needs by ‘tempering’ them with our self generated thoughts and desires. In this way we

cheating ourselves
are turning away from the Guru
increase enmity and confrontation
live in fear and anxiety
belittle the religion that we have assumed
become more enmeshed in attachment to materialism
lead our lives by getting entangled and enmeshed in materialism
get bound to action-reaction
place ourselves at the mercy of Jam, the couriers of death and

keep moving away from our own personal spiritual ‘religion’. We forget that the external-orientated religions are but

| | | |
|---|---|---|
| efforts | - | not the results. |
| ways | - | not fulfillments. |
| steps | - | not the peak. |
| journey | - | not the destination. |

| | | |
|---|---|---|
| ਕਲਾਸਾਂ ਹਨ | — | **ਡਿਗਰੀ ਨਹੀਂ ।** |
| ਗਿਆਨ ਹੈ | — | **ਅਨੁਭਵ-ਪ੍ਰਕਾਸ਼ ਨਹੀਂ ।** |
| **ਫੋਕਟ ਹਨ** | — | ਰਸ ਨਹੀਂ । |
| ਸੁਕੇ ਫੁੱਲ ਹਨ | — | **ਮਹਿਕ ਨਹੀਂ ।** |
| ਬਲਬ ਹਨ | — | **ਰੋਸ਼ਨੀ ਨਹੀਂ ।** |
| ਉਦਮ ਹਨ | — | **ਪ੍ਰਾਪਤੀ ਨਹੀਂ ।** |

ਪਰ ਅਸੀਂ, 'ਆਤਮਿਕ ਧਰਮੁ' ਦੇ ਸਫ਼ਰ ਦੀ **ਸਚਖੰਡੀ ਮੰਜ਼ਿਲ ਨੂੰ ਭੁਲ ਕੇ, ਬਾਹਰ-ਮੁਖੀ ਧਰਮ ਦੇ 'ਪੜਾ' ਨੂੰ ਹੀ, 'ਮੰਜ਼ਿਲ ਸਮਝ ਕੇ, 'ਰਾਹ' ਵਿਚ ਅਟਕ ਜਾਂਦੇ ਹਾਂ ।**

"ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥" (ਪੰਨਾ-੧੩੬੯)

"ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥" (ਰਾਮਕਲੀ ਪਾ: ੧੦)

ਅਨੇਕਾਂ ਜੀਵਾਂ ਨੂੰ ਤਾਂ ਆਪਣੇ **ਜੀਵਨ ਨਿਸ਼ਾਨੇ ਦੀ ਹੀ ਸੋਝੀ ਨਹੀਂ ।** ਉਨ੍ਹਾਂ ਨੂੰ ਗਿਆਨ ਹੀ ਨਹੀਂ ਕਿ **ਜੀਵਨ ਦਾ ਕੋਈ ਵਿਸ਼ੇਸ਼ ਮਨੋਰਥ ਹੈ ।** ਜਿਸ ਨੂੰ 'ਨਿਸ਼ਾਨੇ' ਦੀ ਸੋਝੀ ਨਹੀਂ, ਉਹ **ਕਿਸ ਸੇਧ ਤੇ ਚੱਲੇ ?** ਅਜਿਹੇ ਲੋਕਾਂ ਨੂੰ **ਦ੍ਰਿਸ਼ਟਮਾਨ ਦੁਨਿਆਵੀ 'ਪੜਾਵਾਂ' ਦੇ 'ਸੁਆਦ' ਹੀ 'ਖਿਚਾਂ' ਪਾਉਂਦੇ ਹਨ । 'ਅਨਰਸਾਂ'** ਦਾ ਸੁਆਦ ਹੀ, ਉਨ੍ਹਾਂ ਲਈ **'ਮਹਾਂ-ਅਨੰਦ ਹੈ,** ਭਾਵੇਂ ਇਨ੍ਹਾਂ ਨਾਲ ਉਨ੍ਹਾਂ ਦੀ **ਪਿਆਸ ਕਦੇ ਨਹੀਂ ਬੁਝਦੀ ।**

"ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥ (ਪੰਨਾ-੯੨੧)

"ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ (ਪੰਨਾ-੧੮੦)

ਇਹੋ ਜਿਹੇ ਦੁਨਿਆਵੀ ਰਸਾਂ ਵਿਚ ਮਸਤ, ਕੁਝ ਅਖੌਤੀ ਸਿਆਣੇ, ਆਪਣੀ ਥੋਥੀ ਮਤ ਅਨੁਸਾਰ ਐਸੇ ਅਖਾਣ ਭੀ ਘੜ ਲੈਂਦੇ ਹਨ, ਜਿਹਾ ਕਿ —

'ਇਹ ਜਗ ਮਿਠਾ ਅਗਲਾ ਕਿਸ ਡਿੱਠਾ ।'

'ਬਾਬਰ ਬਾ ਐਸ਼ ਕੋਸ ਕਿ ਆਲਮ ਦੁਬਾਰਾ ਨੇਸ੍ਰ ।'

ਪਰ ਜੇ ਫ਼ਰੀਦ ਜੀ ਵਰਗਾ ਅਨੁਭਵੀ ਕਮਾਈ ਵਾਲਾ ਬਖਸ਼ਿਆ ਮਹਾਂਪੁਰਖ ਦਸੇ ਭੀ, ਕਿ ਇਨ੍ਹਾਂ ਦੁਨਿਆਵੀ ਰਸਾਂ ਤੋਂ ਭੀ ਉਤੇ ਇਕ **ਬਹੁਤ ਮਿਠੀ ਤੇ ਸਵਾਦਲੀ ਵਸਤੂ ਹੈ,** ਰੱਬ ਦਾ 'ਨਾਮ'—

"ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥" (ਪੰਨਾ-੧੩੮੯)

**ਤਦ ਭੀ, ਉਹਨਾਂ ਨੂੰ ਵਿਸ਼ਵਾਸ ਨਹੀਂ ਆਉਂਦਾ ।**



| | | |
|---|---|---|
| class | - | not a degree. |
| knowledge | - | not intuition. |
| insipid | - | not relish filled. |
| withered fruits | - | not (fruits) with fragrance. |
| bulbs | - | not the light. |
| toils | - | not achievements. |

But we, forgetting the journey to the 'spiritual religion's Realm of Truth, stopped along the way, thinking that the external orientated religion's 'stage' is the destination.

1 *He set out on a journey to meet the Lord, but his consciousness failed him half-way. 136*

2 *You are searching in the doubt fallacy of the external (religious)action, but the love-attachment (is found) in spiritual religion.* *Ram P10 3/2*

Numerous life forms have no awareness of their life's destination. They have no knowledge that life has a specific purpose. He who has no awareness of the 'destination', what direction should he follow? Such people are attracted by the 'pull' of pleasure of the visible worldly locations. All other pleasures (other than the pleasure of experiencing God) is to them the 'supreme-bliss', although with these, their thirst will never be satiated.

3 *O my tongue, you are engrossed in other tastes, but your thirsty desire is not quenched.* *921*

4 *You may taste the other flavors,*
*but your thirst shall not depart, even for an instant.* *180*

Some so called wise people, intoxicated in worldly pleasures use their hollow intellect to create some sayings or aphorisms such as –

'This world is pleasurable as no one has seen the next.'

'Babar baa airsh kos, ki aalam dhubaaraa nayshv' (Persian)

But even if an intuitionally cultivated blessed evolved soul like Fareed tells that up there, there is – NAAM - a much more pleasurable and delightful thing than the these worldly pleasures –

5 .......sugar cane, candy, sugar, molasses, honey and buffalo's milk
- all these things are sweet, but they are not equal to You. 1389

even then they will not be convinced.

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬਹੁਤੇ ਲੋਕ ਤਾਂ **'ਕਰਤੇ ਨੂੰ ਛੱਡ ਕੇ, 'ਕਾਰਨ' ਵਿਚ ਗਲਤਾਨ ਹੋਏ ਪਏ ਹਨ।' ਇਸੇ ਨੂੰ ਹੀ ਜੀਵਨ ਦਾ ਅਸਲ ਮਨੋਰਥ** ਜਾਂ **ਅੰਤਿਮ ਪ੍ਰਾਪਤੀ ਮੰਨੀ ਬੈਠੇ ਹਨ,** ਜੋ ਕਿ ਗਲਤ ਹੈ।

"ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥" (ਪੰਨਾ-੪੭੦)

"ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥" (ਪੰਨਾ-੪੨੦)

'ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥" (ਪੰਨਾ-੨੩੨)

"ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥" (ਕਲਿਆਣ ਪਾ: ੧੦)

"ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥" (੩੩ ਸਵੱਈਏ ਪਾ: ੧੦)

ਦਰ-ਅਸਲ ਅਸੀਂ ਆਪਣੇ ਆਤਮਿਕ ਕੇਂਦਰ **'ਧਰਮ-ਧੁਜਾ' ਅਕਾਲ ਪੁਰਖ ਨੂੰ ਭੁਲ ਕੇ, ਮੋਹ ਮਾਇਆ ਦੇ ਭਰਮ-ਭੁਲਾਵੇ ਵਿਚ ਫਸ ਕੇ 'ਧਰਮ' ਵਰਗੀ ਦੈਵੀ ਸਾਧਨਾ ਨੂੰ ਭੀ ਆਪਣੀ 'ਹਉਮੈ' ਦਾ 'ਛੌੜ' ਚਾੜ੍ਹ ਦਿੰਦੇ ਹਾਂ।** ਅਸੀਂ ਹਉਮੈਂ-ਵੇੜੇ ਮਨ ਦੀ ਰੰਗਤ ਅਨੁਸਾਰ **ਅਪਨਾਏ ਹੋਏ ਬਾਹਰਲੇ ਧਰਮ** ਦੇ ਖਿਆਲਾਂ, ਗਿਆਨ ਅਤੇ ਨਿਸਚਿਆਂ ਨੂੰ ਭੀ ਆਪੋ-ਆਪਣਾ ਰੰਗ ਚਾੜ੍ਹ ਦਿੰਦੇ ਹਾਂ। ਹਰ ਇਕ ਇਨਸਾਨ ਦੇ ਮਨ ਦੀ ਰੰਗਤ ਭਿੰਨ ਭਿੰਨ ਹੁੰਦੀ ਹੈ। ਇਸੇ ਕਾਰਨ ਹਰ ਕੋਈ ਆਪਣੀ ਸ਼੍ਰੇਣੀ ਦੇ ਬਾਹਰਲੇ ਧਰਮ ਨੂੰ :

ਅੱਡ ਅੱਡ ਦ੍ਰਿਸ਼ਟੀਕੋਨਾਂ ਨਾਲ
ਭਿੰਨ ਭਿੰਨ ਖ਼ਿਆਲਾਂ ਦੁਆਰਾ
ਵੱਖ-ਵੱਖ ਨਿਸ਼ਚਿਆਂ ਰਾਹੀਂ
ਆਪੋ-ਆਪਣੀ ਬੁੱਧੀ ਅਨੁਸਾਰ
ਅਲਗ ਅਲਗ ਮਨ ਦੀਆਂ ਤਰੰਗਾਂ ਨਾਲ
ਆਪੋ-ਆਪਣੀ ਲੋੜ ਅਨੁਸਾਰ
ਆਪੋ-ਆਪਣੇ ਵਾਤਾਵਰਨ ਅਨੁਸਾਰ
ਆਪੋ-ਆਪਣੀਆਂ ਮਾਇਕੀ ਵਾਸ਼ਨਾਵਾਂ ਅਨੁਸਾਰ

**ਆਪੋ-ਆਪਣੀ ਨਿਜੀ ਰੰਗਤ ਚਾੜ੍ਹ ਕੇ, ਆਪਣੀ ਹੀ ਸਹੂਲੀਅਤ ਅਤੇ ਸੁਆਰਥ ਦੀ ਪੂਰਤੀ ਲਈ, ਤੋੜ-ਮਰੋੜ ਕੇ, ਬਦਲ ਕੇ, ਆਪੋ-ਆਪਣੇ ਅਰਥ ਤੇ ਭਾਵਨਾ ਘੜ ਲੈਂਦਾ ਹੈ।**



In this way we see, that most of the people have left the 'creator', and got entangled in the 'creation'. They have regarded this as life's genuine goal or the ultimate achievement, (a belief) which is wrong.

1 *Those dealers who abandon their Lord and Master and attach themselves to another, are drowned.* *470*

2 *Those who abandon the roots and cling to the branches, shall obtain only ashes.* *420*

3 *Abandoning the Source of all, they have become attached to the love of duality.*
*Infected with poison, they are immersed in poison.* *232*

4 *Believe in no other creator but the ONE CREATOR.* *P 10*
*Know HIM who is the first, the unborn, undefeatable, indestructible Primal Lord.*

5 *He ever dwells day and night on the Ever Living Effulgent Divine Light (Jot within himself), and he never gives a moment's thought on anything else, but One Lord.* *10 Pat 1.33 Swayeh*

The point is, by forgetting the 'religious banner' of our spiritual centre, we have trapped ourselves in the doubt-fallacy of attachment and materialism and (by doing so) we have 'tempered' the virtuous activity of 'religion' with our 'ego'. We have even coloured the thinking, knowledge and inclinations of our externally acquired religion with the hue of our own ego ridden mind. The hue or colour of each and every person is different. That is why every one views the external religion of his denomination:

from a different perspective,
with different thoughts,
with varied inclinations,
according to his own intellect,
through the divergent waves of the mind,
according to his own need,
according to his own environment,
according to his own emotions

and thus by tempering his own hue or colour (on to the external religion), he turns, twists and changes (the norms of the external religion) for his own convenience and selfish ends, to reflect his own understanding and belief.

ਇਸ ਤਰਾਂ ਹਰ ਇਕ ਇਨਸਾਨ ਨੇ **ਆਪੋ-ਆਪਣਾ ਬਾਹਰਲਾ 'ਧਰਮ' :—**

**ਸਮਝਿਆ**
**ਬੁਝਿਆ**
**ਅਰਥਾਇਆ**
**ਘੜਿਆ ਤੇ**
**ਅਪਨਾਇਆ ਹੋਇਆ ਹੈ।**

**ਇਹੋ ਜਿਹੀ 'ਭਿੰਨਤਾ' ਅਤੇ 'ਵਿਲਖਣਤਾ ਦੇ ਦਿਖਾਵੇ ਅਤੇ ਪ੍ਰਗਟਾਵੇ ਅੰਦਰ, 'ਧਰਮੀ ਇਨਸਾਨਾਂ' ਦੇ ਵਿਚਕਾਰ;** ਆਪੋ-ਵਿਚ ਵਾਦ-ਵਿਵਾਦ, ਈਰਖਾ, ਦਵੈਤ, ਘਿਰਨਾ, ਵੈਰ, ਵਿਰੋਧ, ਤਅੱਸੁਬ ਜਾਂ ਟਾਕਰਾ **ਹੋਣਾ ਲਾਜ਼ਮੀ ਹੈ।**

ਏਹੋ ਕਾਰਨ ਹੈ ਕਿ ਅਸੀਂ ਆਪ **'ਭਲੇ-ਭੁਲੇਰੇ' ਬਣਕੇ, ਇਕ ਦੂਜੇ ਨੂੰ** :—

**ਘਿਰਨਾ ਨਾਲ**
**ਨੀਵੀਂ ਨਿਗਾਹ ਨਾਲ**
**ਨਫ਼ਰਤ ਨਾਲ**
**ਸ਼ੱਕ ਨਾਲ**

**ਦੇਖਦੇ ਹਾਂ**, ਅਤੇ **ਦੂਜਿਆਂ ਉਤੇ ਫ਼ਤਵਾ ਲਾਉਣ ਲਈ 'ਤੱਤ-ਪਰ' ਰਹਿੰਦੇ ਹਾਂ।**

ਪਰ ਜਦ, ਇਹ **'ਮਜ਼ਹਬੀ-ਤਅੱਸੁਬ' 'ਸੰਗਠਿਤ'** (organised) ਹੋ ਕੇ, **ਦੂਜਿਆਂ ਧਰਮਾਂ ਨਾਲ ਟੱਕਰ ਲੈਂਦਾ ਹੈ, ਤਾਂ ਖ਼ਲਕਤ ਦਾ 'ਰੱਬ ਹੀ ਰਾਖਾ'** !!! ਹੈਰਾਨੀ ਦੀ ਗੱਲ ਇਹ ਹੈ, ਕਿ ਇਹ **'ਮਜ਼ਹਬੀ-ਤਅੱਸੁਬ' ਦੀ 'ਅੱਗ'** ਯਾ ਜ਼ਹਰ' **ਧਰਮ ਦੀ ਆੜ ਵਿਚ,** ਯਾ **ਧਰਮ ਦੇ ਨਾਂ ਤੇ ਫੈਲਾਈ ਜਾਂਦੀ ਹੈ ਜਿਸ ਦਾ ਭਿਆਨਕ ਨਤੀਜਾ** ਦੋਹਾਂ ਅਖੌਤੀ ਧਾਰਮਿਕ ਸ੍ਰੇਣੀਆਂ ਨੂੰ **ਭੁਗਤਣਾ ਪੈਂਦਾ ਹੈ।**

ਇਸ ਹਾਸੋ-ਹੀਣੇ **ਧਾਰਮਿਕ ਅੰਧ ਵਿਸ਼ਵਾਸ ਦੇ ਜੋਸ਼ ਵਿਚ**

(1) ਰੱਬ
(2) ਰੱਬੀ ਹੁਕਮੁ
(3) 'ਨਾਮੁ'
(4) ਦੈਵੀ ਅੰਤਰਮੁਖੀ ਧਰਮ
(5) ਬਾਹਰਮੁਖੀ ਧਰਮ
(6) ਗੁਰੂਆਂ ਅਤੇ ਮਹਾਪੁਰਸ਼ਾਂ ਦੇ ਉਪਦੇਸ਼ਾਂ
(7) ਦੈਵੀ ਗੁਣਾਂ
(8) 'ਇਨਸਾਨੀਅਤ'



In this way each and every person has

understood
discovered
concluded
fashioned
adopted

his very own 'external' religion.

In such a show and manifestation of variety and distinctiveness, difference of opinion, jealousy, duality, hatred, enmity, conflict, cruelty or collision among 'religious' people is bound to exist.

This is the reason why, we on becoming 'virtuous', we look upon others:

with contempt,
with a sneer,
with hatred,
with suspicion

and we are ever ready to pass judgment to indict others.

When this 'religious-tyranny' gets organised and clashes with other religions, then 'God save the masses'!!! The surprising thing is that the fire of religious-tyranny or poison is spread under the guise of religious protection or name of religion and its frightening consequences have to borne by both of the so called religious denominations.

Displaying such ridiculous blind faith in religion with such enthusiasm:

1 God
2 God's Command
3 Naam
4 Divine innate religion
5 external religion
6 the advice of Gurus and great evolved souls
7 divine virtues
8 mankind

ਨੂੰ ਭੁਲਾ ਕੇ, ਛਿੱਕੇ ਤੇ ਟੰਗ ਕੇ, ਤਲਾਂਜਲੀ ਦੇ ਦਿੰਦੇ ਹਾਂ ਅਤੇ 'ਬਿਗੜ-ਰੂਪ' ਯਾ 'ਧਾਣਕ ਰੂਪ' ਧਾਰ ਕੇ, ਆਪਣੇ ਉਤੇ ਅਤੇ ਰੱਬੀ ਖ਼ਲਕਤ ਉਤੇ ਅਜਾਈਂ ਜ਼ੁਲਮ ਦਾ ਕਾਰਨ ਬਣਦੇ ਹਾਂ ।

ਇਸ ਤਰ੍ਹਾਂ 'ਮਜ਼ਹਬੀ ਤਅੱਸੁਬ ਵਾਲਿਆਂ ਅਖੌਤੀ ਧਰਮੀਆਂ ਨੂੰ, ਕਿਥੇ ਢੋਈ ਮਿਲ ਸਕਦੀ ਹੈ ।

ਗੁਰੂਆਂ, ਮਹਾਂਪੁਰਖਾਂ ਦੇ ਉਪਦੇਸ਼ਾਂ ਅਤੇ ਬਾਣੀਆਂ ਵਿਚ, ਅੰਤ੍ਰ-ਮੁਖੀ ਇਕੋ-ਇਕ ਆਤਮਿਕ ਧਰਮੁ ਦੀ ਬਾਬਤ ਬੇਅੰਤ ਰੋਸ਼ਨੀ ਪਾਈ ਗਈ ਹੈ, ਪਰ ਇਨਸਾਨ ਇਹਨਾਂ ਡੂੰਘੀਆਂ ਦੈਵੀ ਭਾਵਨਾਵਾਂ ਤੋਂ ਆਪਣੀ ਅਗਿਆਨਤਾ ਕਾਰਨ ਅਨਜਾਣ ਹੈ । ਇਨਸਾਨ ਨੂੰ, ਗੁਰੂਆਂ ਤੇ ਭਗਤਾਂ ਨੇ ਬਾਹਰਲੇ ਧਰਮ, ਏਸੇ ਕਰਕੇ ਬਖਸ਼ੇ ਸਨ-ਤਾਂ ਕਿ ਉਹ ਅੰਤ੍ਰ-ਮੁਖੀ ਹੋ ਕੇ ਆਪਣੇ 'ਨਾਲ-ਲਿਖੇ' ਇਲਾਹੀ ਧਰਮੁ ਨੂੰ ਸਮਝ-ਬੂਝ ਕੇ, ਆਪਣਾ ਜੀਵਨ ਪੰਧ ਮੁਕਾ ਸਕੇ । ਪਰ, ਸਾਡੀ ਮਾਇਕੀ 'ਹਉਮੈ' 'ਇਤਨੀ ਤੀਖਨ' ਤੇ ਮਲੀਨ ਹੋ ਗਈ ਹੈ, ਕਿ ਅਸੀਂ ਇਹਨਾਂ ਬਾਹਰਲੇ ਧਰਮਾਂ ਨੂੰ

ਸਮਝਣ ਅਤੇ

ਕਮਾਉਣ ਦੀ ਬਜਾਇ

ਇਹਨਾਂ ਨੂੰ ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਲਈ, ਸਹੂਲੀਅਤ ਵਜੋਂ ਵਰਤਨ ਦਾ ਇਕ ਜ਼ਰੀਆ ਬਣਾ ਛਡਿਆ ਹੈ ।

ਗੁਰੂਆਂ, ਅਵਤਾਰਾਂ, ਭਗਤਾਂ ਨੇ ਤਾਂ ਸਾਨੂੰ ਆਪਣਿਆਂ ਉਪਦੇਸ਼ਾਂ ਅਤੇ ਬਾਣੀਆਂ ਰਾਹੀਂ, ਸਹੀ ਆਤਮਿਕ ਜੀਵਨ-ਸੇਧ ਦਿੱਤੀ ਹੈ – ਪਰ, ਉਹਨਾਂ ਦੇ ਪੈਰੋਕਾਰਾਂ ਨੇ, ਸਮਾਂ ਪਾ ਕੇ, ਕਈਆਂ ਪੀੜ੍ਹੀਆਂ ਦੇ ਅਰਸੇ ਵਿਚ, ਆਪੋ-ਆਪਣੇ ਸ਼ਖਸੀ ਨਿਸਚਿਆਂ, ਨਿਜੀ ਤਜਰਬਿਆਂ ਅਤੇ ਮਜਬੂਰੀਆਂ ਕਾਰਨ, ਇਹਨਾਂ ਉਪਦੇਸ਼ਾਂ ਉਤੇ ਆਪੋ-ਆਪਣੀ ਮਾਨਸਿਕ ਸੂਖਮ 'ਰੰਗਤ' ਦਾ 'ਠੱਪਾ' ਲਾ ਦਿਤਾ ਹੈ ।

ਇਸ ਤਰ੍ਹਾਂ ਇਕ ਧਰਮ ਦੇ ਕਈ ਫ਼ਿਰਕੇ ਬਣਦੇ ਗਏ ਅਤੇ ਇਹਨਾਂ ਫ਼ਿਰਕਿਆਂ ਦੇ ਵਿਚਕਾਰ ਨਿਕੇ-ਨਿਕੇ ਵਿਤਕਰੇ, ਵਖਰਾਪਨ, ਵਿਰੋਧਤਾ ਵਧਦੀ ਗਈ—ਜਿਸ ਦੀ ਵਜਹ ਨਾਲ ਇਹਨਾਂ ਦਾ ਆਪਸ ਵਿਚ ਭੀ ਵਾਦ-ਵਿਵਾਦ, ਵੈਰ-ਵਿਰੋਧ, ਈਰਖਾ, ਦਵੈਤ, ਘਿਰਨਾ, ਤਅੱਸੁਬ, ਟਾਕਰਾ, ਝਗੜੇ, ਲੜਾਈਆਂ, ਵਧਦੀਆਂ ਗਈਆਂ ।

ਜਦ ਸਾਡੇ 'ਇਕੇ' ਧਰਮ ਦੇ ਫ਼ਿਰਕਿਆਂ ਵਿਚਕਾਰ, ਇਹ ਹਾਸੋਹੀਣਾ ਅਤੇ ਅਫ਼ਸੋਸਨਾਕ ਤਅੱਸੁਬ ਦਾ ਵਤੀਰਾ ਹੈ-ਤਾਂ ਦੂਜੇ ਧਰਮਾਂ-ਨਾਲ ਜੋ ਮਜ਼ਹਬੀ-ਤਅੱਸੁਬ ਦਾ ਵਤੀਰਾ ਹੁੰਦਾ ਹੈ, ਉਹ ਪ੍ਰਤੱਖ ਰੂਪ ਵਿਚ ਜ਼ਾਹਰ ਹੋ ਰਿਹਾ ਹੈ ।



is forgotten, and by hanging on a hook all ties are severed and assuming a contorted or terrifying form, we bring about unnecessary tyranny upon ourselves as well as upon the godly masses.

Where then can such bigoted - tyrannical so called religions, look for relief and comfort?

In the advice and the writings of Gurus, great evolved souls, huge amount of light has been thrown on the innate and only one divine religion, but man out of his ignorance, is unaware of these deep divine thinking. The Gurus and the bhagats blessed (man with) these external religions to enable him to go within his 'innate-self' so that he can understand and discover his 'inlaid' divine religion and complete his life's journey. But our materialistic 'egotism' had become so pronounced' and defiled that instead of

understanding and

cultivating or earning

these external religions, we have made them means of satisfying and fulfilling our own personal selfishness and conveniences.

Gurus, prophets, Bhagats, through their teachings and writings, have given us true divine life's direction – their (subsequent) practitioners, over a period of time covering many generations, resulting from their own personal beliefs, individual experiences and constraints, have put the 'stamp' of their own individual subtle mental 'hue' or colour upon these teachings.

In this way many off-shoots emerged from each one of the religions and within these off-shoots, minor misunderstandings, differences, opposition began to increase – thus causing doubts, enmity-conflict, jealousy, duality, hatred, cruelty, confrontation, quarrels and fights, to increase.

When this ridiculous and regretful tyrannical attitude prevails within each one of our religious off-shoots, then whatever religious tyranny prevails between other religions is something that we are witnessing before our very eyes.

ਇਸ ਤਰ੍ਹਾਂ 'ਆਤਮਿਕ ਧਰਮੁ' ਦਾ 'ਧੁਰਾ', 'ਮੂਲ', ਜਾਂ 'ਤੱਤ ਸਾਡੇ ਖਿਆਲਾਂ, ਨਿਸਚਿਆਂ, ਵਿਚੋਂ ਓਹਲੇ ਹੁੰਦਾ ਗਿਆ ਅਤੇ ਟਾਹਣੀਆਂ, ਪਤਿਆਂ ਨੂੰ 'ਜੱਫਾ' ਮਾਰ ਕੇ ਅਸੀਂ ਆਪਸ ਵਿਚ ਅਜਾਈਂ ਖਹਿੰਦੇ ਰਹਿੰਦੇ ਹਾਂ ।

ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ ।...
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ । (ਵਾ:ਭਾ:ਗੁ: ੧/੨੧)

'ਧਰਮ' ਯਾ 'ਮਜ਼ਹਬ' ਇਨਸਾਨ ਨੂੰ—

ਨੀਵੀਆਂ ਮਾਇਕੀ ਰੁਚੀਆਂ
ਪਸ਼ੂ ਬਿਰਤੀਆਂ
ਈਰਖਾ-ਦਵੈਤ
ਵੈਰ-ਵਿਰੋਧ
ਸ਼ੱਕ-ਸਾੜੇ
ਵਿਕਾਰਾਂ
ਪਾਪਾਂ
ਮਾਇਕੀ ਭਰਮ ਦੇ ਹਨੇਰੇ
ਵਹਿਮਾਂ, ਭਰਮਾਂ, ਭੁਲੇਖਿਆਂ
ਮੈਂ-ਮੇਰੀ ਦੀ ਲਾਲਸਾ
ਮੋਹ ਦੀ ਦਲਦਲ
ਤ੍ਰਿਸ਼ਨਾ ਦੀ ਅੱਗ
ਕਾਮ-ਕ੍ਰੋਧ ਦੇ ਭਾਂਬੜਾਂ
ਹਉਮੈ ਦੇ ਕੰਡਿਆਂ
ਚਿੰਤਾ ਚਿਖਾ
ਦੁਖ ਕਲੇਸ਼ਾਂ

ਦੀ ਬਾਬਤ ਤਾੜਨਾ ਕਰਨ ਅਤੇ 'ਹੋੜਨ' ਲਈ 'ਰਚੇ' ਗਏ ਸਨ ।

ਜੇਕਰ ਸਾਡੇ ਹਿਰਦੇ ਅੰਦਰ ਉਪਰ ਦਸੇ ਮਾਇਕੀ 'ਅਉਗਣ' ਪ੍ਰਵੇਸ਼ ਤੇ ਪਰਵਿਰਤ ਹੋ ਰਹੇ ਹਨ, ਤਾਂ ਇਹ ਪੱਕਾ ਸਬੂਤ ਹੈ ਕਿ ਅਸੀਂ ਸਹੀ ਅਰਥਾਂ ਵਿਚ ਕੋਈ 'ਧਰਮ' ਨਹੀਂ ਧਾਰਿਆ । ਜੇ ਕੋਈ ਅਖੌਤੀ 'ਧਰਮ' ਧਾਰਿਆ ਭੀ ਜਾਂਦਾ ਹੈ ਤਾਂ, ਉਹ––

ਓਪਰਾ ਜਿਹਾ
ਰੀਸੋ-ਰੀਸੀ
ਦਿਖਾਵੇ ਮਾਤਰ
ਵਡਿਆਈ ਲਈ



In this way the 'foundation', the 'source', or 'essence' of 'spiritual religion' is hidden from our thoughts and beliefs, and clasping the branches and the leaves we keep bickering among ourselves.

*The Hindus invoke Ram, the Muslims, Rahim but in reality there is only one God...........*
*Truth is hidden from both: the Brahmins and the Mullahs kill one another by their animosities..*
*Bh Gur V 1/21*

'Religion' or 'creed' were created to warn and protect man from –

baser inclinations of materialism
animalistic tendencies
jealousy – duality
enmity – conflict
suspicion – envy
evil deeds
sins
the darkness of materialistic doubt
superstition, doubtfulness, fallacies
the temptation of me, mine ness
the quagmire of attachment
the fire of desire
the flames of lust and anger
the thorns of egotism
anxiety and worry
suffering and misery.

If the above worldly 'short comings' are residing and flourishing within our hearts, then this is perfect proof that we have not become religious in the real sense of the word. Even if some so called religion is assumed then that is adopted intellectually–

at a superficial level
by way of imitation
as a show
to attract praise

ਭਲੇ-ਭਲੇਰੇ ਬਣਨ ਲਈ

ਮਾਨਸਿਕ ਤਸੱਲੀ ਲਈ

ਸੁਆਰਥ ਦੀ ਪੂਰਤੀ ਲਈ

ਦੁਖਾਂ ਕਲੇਸ਼ਾਂ ਨੂੰ ਟਾਲਣ ਲਈ

ਪਾਪਾਂ ਨੂੰ ਢੱਕਣ ਲਈ

ਜਮਾਂ ਦੀ ਸਜ਼ਾ ਤੋਂ ਬਚਣ ਲਈ

ਨਰਕ ਤੋਂ ਬਚਣ ਲਈ

ਸਵਰਗ ਵਿਚ ਪਹੁੰਚਣ ਲਈ

**ਦਿਮਾਗੀ ਤੌਰ ਤੇ ਅਪਨਾਇਆ** ਜਾਂਦਾ ਹੈ, ਜਿਸ ਵਿਚ ਆਤਮਿਕ **ਸ਼ਰਧਾ-ਭਾਵਨੀ ਦੀ ਲੇਸ ਭੀ ਨਹੀਂ ਹੁੰਦੀ।**

ਇਸ ਸ਼ਰਧਾ-ਭਾਵਨੀ ਦੀ ਅਹਿਮੀਅਤ ਨੂੰ ਹੇਠ ਲਿਖੀ ਮਿਸਾਲ ਹੋਰ ਵੀ ਸਪੱਸ਼ਟ ਕਰ ਦਿੰਦੀ ਹੈ--

ਜੇਕਰ ਕਿਸੇ 'ਮਸ਼ੀਨ' ਨੂੰ **'ਤੇਲ'** (lubrication) ਜਾਂ ਗਰੀਸ **ਨਾ ਦਿੱਤੀ ਜਾਵੇ,** ਤਾਂ ਉਹ ਮਸ਼ੀਨ ਕੁਝ ਚਿਰ ਚਲ ਕੇ **'ਗਰਮ' ਹੋ ਜਾਂਦੀ ਹੈ** ਅਤੇ ਆਖਿਰ ਇੰਜਨ **ਸੜ ਕੇ ਨਿਕੰਮਾ ਹੋ ਜਾਂਦਾ ਹੈ।** ਦੂਸਰੇ ਲਫ਼ਜ਼ਾਂ ਵਿਚ **'ਤੇਲ'** ਜਾਂ **'ਗਰੀਸ' ਹੀ** ਇੰਜਨ ਨੂੰ ਗਰਮ ਹੋਣ ਅਤੇ ਸੜਨ ਤੋਂ **ਬਚਾਉਂਦਾ ਹੈ।**

ਏਸੇ ਤਰ੍ਹਾਂ ਧਾਰਮਿਕ **'ਕਰਮ-ਕਿਰਿਆ'** ਲਈ ਭੀ ਆਤਮਿਕ **ਸ਼ਰਧਾ ਭਾਵਨੀ ਅਤੇ ਪ੍ਰੇਮ-ਸਵੇਪਨਾ ਦੀ** ਚਿਕਨਾਹਟ (lubrication) **ਅਤਿ ਜ਼ਰੂਰੀ ਹੈ।**

ਇਸ **'ਪ੍ਰੇਮ-ਭਾਵਨਾ' ਦੇ ਤੇਲ 'ਬਗੈਰ'** ਦਿਮਾਗੀ ਸਤਾਹ ਤੇ **'ਹਉਮੈ' ਵਿਚ ਕੀਤੇ ਗਏ ਧਾਰਮਿਕ** ਕਰਮ, ਧਰਮ, ਉਪਾਸ਼ਨਾ, ਪਾਠ, ਪੂਜਾ, ਭਗਤੀ, ਹੱਠ, ਜਪ, ਤਪ, ਸੇਵਾ, ਨੇਕੀਆਂ, ਪਰਉਪਕਾਰ, ਪੁੰਨ, ਦਾਨ,

**ਆਦਿ, ਸਭ —**

**ਰੁਖੇ**

**ਸੁਖੇ**

**ਫੋਕੇ**

**ਬੇ-ਰਸੇ**



to appear virtuous

to gain mental confidence

to fulfill selfish interests

to ward off suffering and misery

to hid the sins

to be safe from judgments of jam the couriers of death

to be safe from hell

to reach heaven

and in all these there is not even a suggestion of divine faith-filled inclination.

The importance of this faith-filled inclination is made even clearer by the following example –

If a machine in not lubricated, that machine will get 'over-heated' after working for some time. Its engine will burn and it will be rendered useless. In other words it is the oil and grease that saves the machine from getting over-heated and burnt.

In the same way, for 'religious' activity too, the lubrication of divine faithfulness and love of the innate self within is essential.

Without this oil of faith-filled love, the religious deeds, discipline, worship, prayer, meditation, persistence, chants, penance, service, virtues, serving others, charity, benevolence, etc. done at the level of the intellect and egotism are all –

tasteless

flat

insipid

unsavoury

ਦਿਮਾਗੀ-ਸ਼ੁਗਲ

ਸੌਦਾ-ਬਾਜ਼ੀ

ਦਿਖਾਵੇ ਲਈ

ਰੀਸੋ-ਰੀਸੀ

**'ਹਉਮੈ' ਨੂੰ 'ਪੱਠੇ' ਪਾਉਣ ਲਈ ਹੀ ਕੀਤੇ ਜਾਂਦੇ ਹਨ ।**

"ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥" (ਪੰਨਾ-੧੦੪੩)

ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ (ਸਵੱਯੇ ਪਾ: ੧੦)

"ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥ (ਪੰਨਾ-੨੭੮)

"ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥" (ਪੰਨਾ-੨੬੭)

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥" (ਪੰਨਾ-੨੫੨)

ਏਸੇ ਕਾਰਨ 'ਧਾਰਮਿਕ ਅਸਥਾਨਾਂ' ਅਤੇ 'ਸੰਸਥਾਵਾਂ' (Religious institutions) ਵਿਚ ਵੀ **ਸ਼ਰਧਾ-ਭਾਵਨੀ ਅਤੇ ਪ੍ਰੇਮ-ਸਵੈਪਨਾ ਤੋਂ ਬਗੈਰ-ਛੇਤੀ ਹੀ** ਮੈਂ-ਮੇਰੀ, ਖ਼ੁਦਗਰਜ਼ੀ, ਖਿਚੋਂ-ਤਾਣ, ਪਾਰਟੀ ਬਾਜ਼ੀ, ਈਰਖਾ, ਦਵੈਤ, ਵੈਰ, ਵਿਰੋਧ, ਲੋਭ, ਕ੍ਰੋਧ, ਭ੍ਰਿਸ਼ਟਾਚਾਰ, ਝਗੜੇ, ਲੜਾਈਆਂ, ਖ਼ੂਨ-ਖਰਾਬਾ, **ਹਉਮੈ ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੋ ਜਾਂਦਾ ਹੈ ।**

**ਦੈਵੀ ਧਰਮ ਤਾਂ ਇਨਸਾਨ ਨੂੰ –**

ਸਦਾਚਾਰ ਸਿਖਾਉਣ

ਮੈਤ੍ਰੀ ਭਾਵ ਵਧਾਉਣ

ਇੱਕ ਦੂਜੇ ਦਾ ਸਹਾਇਕ ਬਣਨ

ਇਕ ਦੂਜੇ ਨਾਲ ਪਿਆਰ ਕਰਨ

ਮਿਲਵਰਤਨ ਦੀ ਜਾਚ ਦੱਸਣ

ਸੇਵਾ ਕੁਰਬਾਨੀ ਦੀ ਸਿਖਿਆ ਦੇਣ

ਸੁਖ ਸ਼ਾਂਤੀ ਵਰਤਾਉਣ



mental entertainments

transactions – negotiations

displays

actions aping others

done to gratify to 'egotism'.

1 *The whole world is entangled in false actions.*
*It has not discovered the true nature of God.* *Sawayeh P 10*

2 *If someone does millions of good deeds, while acting in ego,*
*he shall incur only trouble; all this is in vain.*
*If someone performs great penance, while acting in selfishness and conceit,*
*he shall be reincarnated into heaven and hell, over and over again.*
*He makes all sorts of efforts, but his soul is still not softened*
*- how can he go to the Court of the Lord?* *278*

3 *Outwardly, they display knowledge, meditation and purification,*
*but within clings the dog of greed.* *267*

4 *Acting in egotism, selfishness and conceit, the lovers of rituals carry the unbearable load.*
*When there is no love for the Naam, then these rituals are corrupt.* *252*

For this reason religious institutions and organisations too, without faith-filled inclinations and love of the innate self, find themselves overwhelmed and driven by me mine-ness, selfishness, tug of war, party politics, jealousy, duality, enmity, opposition, lust, anger, corruption, quarrels, fights, murders and egotism.

Virtuous (worldly) religions were created and blessed

to teaches man to be virtuous

to strengthen relationships

to help one another

to love one another

to teach the art of interaction

to provide advice on (the need for) service and sacrifice

to spread peace and calmness

ਸਹੀ ਮਾਨਸਿਕ-ਜੀਵਨ ਸੇਧ ਦੇਣ

ਸਹੀ ਆਤਮਿਕ-ਜੀਵਨ ਸੇਧ ਦੇਣ

ਆਤਮਿਕ ਗਿਆਨ ਦੀ ਸੋਝੀ ਦੇਣ

ਸਾਧ-ਸੰਗਤ ਤੋਂ ਲਾਹਾ ਲੈਣ

ਸਿਮਰਨ ਦੀ ਜੁਗਤੀ ਦੱਸਣ

ਭਗਤੀ ਕਮਾਉਣ

ਜੀਵਨ ਸਫ਼ਲਾ ਕਰਨ

ਆਤਮ-ਪ੍ਰਕਾਸ਼

ਆਤਮਿਕ ਕਲਿਆਣ

ਮੁਕਤੀ ਪਾਉਣ

**ਲਈ 'ਸਾਜੇ' ਅਤੇ ਬਖਸ਼ੇ ਗਏ ਸਨ।**

ਜੇਕਰ ਸਾਡੇ ਜੀਵਨ ਵਿਚ **ਉਪਰਲੇ ਦੈਵੀ ਗੁਣਾਂ ਦਾ ਪ੍ਰਵੇਸ਼ ਅਤੇ ਪ੍ਰਗਟਾਵਾ ਨਹੀਂ ਦਿਸਦਾ**, ਤਾਂ ਸਮਝ ਲਓ ਅਸੀਂ ਆਪਣੇ ਹਿਰਦੇ ਵਿਚ **ਕੋਈ ਧਰਮ ਹੀ ਨਹੀਂ ਧਾਰਿਆ** ਅਤੇ ਅਜੇ ਅਸੀਂ **'ਇਨਸਾਨੀਅਤ' ਤੋਂ ਭੀ ਹੇਠਾਂ ਹਾਂ।**

ਦੂਜੇ ਲਫ਼ਜ਼ਾਂ ਵਿਚ—

ਮਨ ਦੀ ਰੰਗਤ

ਖ਼ਿਆਲਾਂ ਦਾ ਝੁਕਾਉ

ਵਲਵਲਿਆਂ ਦੀ ਭਾਵਨਾ

ਬੋਲੀ ਦੀ ਆਵਾਜ਼

ਆਵਾਜ਼ ਦੀਆਂ ਲਹਿਰਾਂ

ਲਹਿਰਾਂ ਦੇ ਜੋਸ਼

ਚੇਹਰੇ ਦੀ ਤੀਊੜੀ

ਅੱਖਾ ਦੀ ਚਮਕ

ਸਰੀਰ ਦੀ ਅਦਾ

ਵਰਤ-ਵਰਤਾਰਾ

ਲੇਵਾ-ਦੇਵੀ



to give a true mental direction to life

to give a true spiritual direction to life

to create an awareness of spiritual knowledge

to benefit from the company of evolved souls

to teach the know-how of simran

to cultivate devotional worship

to make life successful

to provide spiritual salvation

to achieve emancipation.

If the above divine virtues have not been injected and cannot be seen in our lives, then take it that we have not embraced any religion in our heart and we are still lower than (what) mankind (stands for).

In other words through –

the hue and the colour of the mind

the tilt of the thoughts

the desires of emotion

the sound of language

the fervour of waves

the frown on the face

the shine in the eyes

the graceful (gestures of the) body

the relationships and transactions

the giving and taking

ਕਰਮਾਂ ਦੀ ਰੰਗਤ
ਨਿਸਚਾ
ਸੁਆਰਥ ਦੀ ਰੰਗਤ
ਕਾਮ-ਕ੍ਰੋਧ ਦੀਆਂ ਲਹਿਰਾਂ
ਲੋਭ-ਮੋਹ ਦੀ ਭਾਵਨਾ
ਨਿਮ੍ਰਤਾ ਯਾ ਹੰਗਤਾ

**ਰਾਹੀਂ, ਜੀਵਨ ਦੇ ਹਰ ਪੱਖ ਵਿਚ, ਖਿਨ-ਖਿਨ, ਸਹਜ-ਸੁਭਾਇ, ਅਣਜਾਣੇ ਹੀ, ਸਾਡੇ 'ਅਮਲੀ' ਨਿਜੀ 'ਧਰਮ' ਦਾ ਲਿਸ਼ਕਾਰਾ ਪੈਂਦਾ ਰਹਿੰਦਾ ਹੈ ! ਉਪਰੋਂ** ਭਾਵੇਂ ਅਸੀਂ ਕਿਤਨੇ ਹੀ **'ਭਲੇ-ਭਲੇਰੇ'**, ਪਰਉਪਕਾਰੀ, ਬੁਧੀਵਾਨ, 'ਨੇਕ', 'ਗਿਆਨੀ', 'ਪੰਡਿਤ', 'ਆਚਾਰੀਆ', 'ਮਹਾਪੁਰਖ', **ਬਣੇ ਫਿਰੀਏ** ਅਤੇ ਆਪਣੀ **ਅੰਦਰਲੀ 'ਨਿਜੀ' ਧਾਰਮਿਕ ਅਵਸਥਾ ਨੂੰ ਢੱਕਣ ਅਤੇ ਛੁਪਾਉਣ ਦੀ ਕੋਸ਼ਿਸ਼ ਕਰੀਏ ।**

ਲੋਕਾਂ ਨੂੰ ਧੋਖਾ ਦੇਣ ਲਈ, ਕੋਈ ਆਪਣੀ **ਅੰਦਰਲੀ ਕਾਲਖ ਨੂੰ ਛੁਪਾਉਣ ਲਈ, ਲੱਖ ਯਤਨ ਕਰੇ,** ਪਰ **ਕਾਲਖ ਨੇ ਤਾਂ 'ਕਾਲਖ' ਹੀ ਰਹਿਣਾ** ਹੈ, ਉਸ ਨੂੰ **ਨਿਰਮਲਤਾ ਦਾ ਦਰਜਾ** ਨਹੀਂ **ਦਿਤਾ ਜਾ ਸਕਦਾ ।** ਕੋਈ ਗੁਨਾਹਗਾਰ, ਦਰਵੇਸ਼ਾਂ ਦੇ ਕਪੜੇ ਪਾ ਕੇ, **ਭੇਖ ਧਾਰ ਕੇ, 'ਦਰਵੇਸ਼' ਨਹੀਂ ਬਣ ਜਾਂਦਾ ।** ਇਸ ਨੁਕਸ ਬਾਰੇ ਗੁਰਬਾਣੀ ਇਉਂ ਤਾੜਨਾ ਕਰਦੀ ਹੈ—

"ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍ ॥" (ਪੰਨਾ-੭੨੯)

"ਗਲੀ ਜਿਨ੍ਾ ਜਪਮਾਲੀਆਂ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥" (ਪੰਨਾ-੪੭੬)

"ਪੜਿਆ ਹੋਵੈ ਗੁਨਾਹਗਾਰੁ ਤਾ ਓਮੀ ਸਾਧੁ ਨਾ ਮਾਰੀਐ ॥" (ਵਾਰ ਆਸਾ ਮ: ੧)

ਕਈ ਭਲੇ-ਭਲੇਰਿਆਂ ਨੇ ਤਾਂ -

**ਧਰਮ ਨੂੰ—**

ਗਿਆਨ ਪੜ੍ਹਨ
ਗਿਆਨ ਖੋਜਣ
ਵਾਕਫ਼ੀਅਤ ਵਧਾਉਣ
ਗਿਆਨ ਘੋਟਣ
ਦਿਮਾਗੀ ਸਿੰਗ ਅੜਾਉਣ
ਦੂਜਿਆਂ ਨੂੰ ਬਹਿਸ ਵਿਚ ਹਰਾਉਣ

**ਦਾ ਵਿਸ਼ਾ ਹੀ ਸਮਝਿਆ ਹੋਇਆ ਹੈ ।**



the tint of the past deeds
the beliefs
the trace of selfishness
the waves of lust and anger
the desire that feed on greed and attachment
the humility or egotism

(through all the above state of the mind, body action and emotions) the reflection of our 'practical', personal, religion from moment to moment, spontaneously, unknowingly continues to fall upon every aspect of our life!! superficially we may appear virtuous service-orientated, wise, honest, scholarly, pandits, divines, evolved souls, but try as we may, we cannot hide and conceal our internal, 'personal' religious standing.

A person can make a thousand efforts to cheat people and conceal his inner shortcomings, but shortcomings will remain shortcomings, they cannot be granted the status of purity. A person with an evil design, can put on the garb of a holy person, disguise himself; he cannot become a saint. Gurbani issues the following warning pertaining to such a shortcoming –

1 *The herons in their white feathers dwell in the sacred shrines of pilgrimage.*
*They tear apart and eat the living beings, and so they are not called white.* 729

2 *They have rosaries around their necks, and they carry glittering jugs in their hands.*
*They are not called Saints of the Lord - they are thugs of Benares.* 476

3 *If an educated person is a sinner, then the illiterate holy man is not to be punished.* 469

Some virtuous people have made

Religion to be the means

of learning knowledge
of researching knowledge
of increasing know-how
of grinding knowledge
of locking horns intellectually
of defeating others in debates.

ਇਸ ਤਰ੍ਹਾਂ ਧਾਰਮਿਕ ਅਗਿਆਨਤਾ ਦੀ ਵਜਹ ਨਾਲ 'ਹਉਮੈ' ਨੂੰ 'ਘਟਾਉਣ' ਦੀ ਬਜਾਇ, ਹਉਮੈ ਨੂੰ ਹੋਰ 'ਪੱਠੇ' ਪਾਈ ਜਾਂਦੇ ਹਾਂ ਅਤੇ ਇਲਾਹੀ 'ਧਰਮੁ' ਦੇ ਉਦੇਸ਼ ਤੋਂ ਦੂਰੇਡੇ ਜਾ ਰਹੇ ਹਾਂ।

ਦੂਜੇ ਪਾਸੇ, ਰੱਬ ਦਾ ਪਿਆਰਾ ਜਗਿਆਸੂ, ਆਪਣੇ ਗੁਰੂ-ਪਰਮੇਸ਼ਰ ਦੇ ਪਿਆਰ ਵਿਚ, ਬੈ-ਖਰੀਦ ਗੋਲਾ ਬਣ ਕੇ, 'ਆਪ-ਗਵਾਇ ਸੇਵਾ ਕਰੇ' ਵਾਲੇ ਉਪਦੇਸ਼ ਨੂੰ ਕਮਾਉਂਦਾ ਹੈ ਅਤੇ ਉਹ ਜੋ ਭੀ ਕਰਮ-ਧਰਮ ਕਰਦਾ ਹੈ, ਸਾਰੇ ਹੀ—

ਪਿਆਰ ਭਾਵਨਾ
ਪ੍ਰੇਮ ਸਵੈਪਨਾ
ਸੇਵਾ-ਭਾਵਨੀ
ਦੈਵੀ ਵਲਵਲਿਆਂ
ਪ੍ਰੀਤ ਚਾਉ
ਇਲਾਹੀ ਰਸ
ਆਤਮਿਕ ਰਸ
'ਨਾਮ-ਰੰਗ'

ਵਿਚ 'ਰੰਗੀਜ' ਕੇ ਆਤਮਿਕ 'ਪ੍ਰਿਮ-ਖੇਲ' ਖੇਲਦਾ ਹੈ ਅਤੇ ਇਸ ਤਰ੍ਹਾਂ, ਉਹ ਆਪਣਾ ਨਿਜੀ, ਨਾਲ ਲਿਖਿਆ ਹੋਇਆ 'ਆਤਮਿਕ-ਧਰਮੁ' ਕਮਾਉਂਦਾ ਹੈ।

ਇਸ ਤਰ੍ਹਾਂ, ਜਗਿਆਸੂ

ਆਤਮਿਕ ਪ੍ਰੇਮ-ਰਸ ਵਿਚ ਰੰਗਿਆ ਹੋਇਆ
ਉਚੀਆਂ ਪ੍ਰੇਮ ਸਵੈਪਨਾ ਦੀਆਂ ਉਡਾਰੀਆਂ ਲਾਉਂਦਾ ਹੋਇਆ
'ਨਾਮ' ਦੇ ਪ੍ਰਕਾਸ਼ ਵਿਚ
ਸ਼ਬਦ ਦੀ 'ਜੀਵਨ ਰੌਂ' ਵਿਚ
ਹੁਕਮ ਤੇ ਭਾਣੇ ਵਿਚ,

ਜੋ ਭੀ ਸੋਚਦਾ ਯਾ ਕਰਮ-ਕਿਰਿਆ ਕਰਦਾ ਹੈ, ਉਹ ਸਭ ਕੁਝ ਗੁਰੂ-ਪ੍ਰਵਾਣਿਤ, ਕਬੂਲ ਜਾਂ 'ਥਾਇ' ਪੈਂਦਾ ਹੈ, ਅਤੇ ਉਹੀ ਉਸ ਦੀ—

ਨੇਕੀ ਹੈ
ਪਰਉਪਕਾਰ ਹੈ
ਸੇਵਾ ਹੈ
ਸਿਮਰਨ ਹੈ



In this way, instead of 'lessening' 'egotism', religious ignorance is in fact promoting egotism all the more, thus causing us to drift away from the aspirations of spiritual 'religion'.

On the other side, the disciple thirsting for God, immersed in the love of Guru-Waheguru becoming an irretrievable slave he cultivates the teachings of 'eliminating his self-conceit and performing service', and by colouring all the deeds and actions that he does with –

faith filled love
love of the innate self within
service orientated love
virtuous emotions
affection and joy
spiritual relish
divine relish
the hue of Naam

he engages in divine 'play of love' and in so doing he cultivates and earns his personal, inlaid 'divine religion'.

In this way, the disciple –

immersed in the relish of divine love
flying high in the love of the innate self within
in the illumination of 'Naam'
in the 'life-current' of the Shabad
abiding by the will of *hukam* or command

no matter what he thinks or does, all that is guru-sanctioned, endorsed and 'beneficial' and that itself is his

goodness
benevolence
service
simran.

ਭਗਤੀ ਹੈ
ਘਾਲਨਾ ਹੈ
ਮੁਕਤੀ ਹੈ
ਜੁਗਤੀ ਹੈ
ਕਲਿਆਣ ਹੈ
ਜੀਵਨ ਹੈ
**'ਧਰਮੁ' ਹੈ ।**

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥ (ਪੰਨਾ-੬੫੦)

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ (ਪੰਨਾ-੬੪੪)

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮਰਾਜੇ ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥ (ਪੰਨਾ-੪੫੦)

'ਸੂਰਜ' ਦੀਆਂ 'ਕਿਰਨਾਂ' ਵਿਚ ਸੂਰਜ ਦੇ ਸਾਰੇ ਗੁਣ ਭਰਪੂਰ ਹਨ, ਜਿਹਾ ਕਿ ਪ੍ਰਕਾਸ਼, ਗਰਮੀ, ਸ਼ਕਤੀ, ਜੀਵਨ-ਰੌਂ ਆਦਿ ।

ਸੂਰਜ, ਇਲਾਹੀ 'ਹੁਕਮ' ਵਿਚ, ਇਹਨਾਂ ਕਿਰਨਾਂ ਦੇ ਜ਼ਰੀਏ, ਆਪਣਿਆਂ ਗੁਣਾਂ ਨੂੰ ਪ੍ਰਕਾਸ਼ਿਤ ਤੇ ਪ੍ਰਵਿਰਤ ਕਰਦਾ ਹੈ ।

ਏਸ ਤਰ੍ਹਾਂ, 'ਕਿਰਨਾਂ', ਆਪਣੇ ਸੋਮੇ 'ਸੂਰਜ' ਦੇ ਸਾਰੇ ਗੁਣਾਂ ਨੂੰ ਇਲਾਹੀ 'ਹੁਕਮ' ਵਿਚ, ਸਹਜ ਸੁਭਾਇ, ਸੁਤੇ-ਸਿਧ, ਸਾਰੇ ਸੰਸਾਰ ਨੂੰ ਵੰਡਦੀਆਂ ਹਨ ।

ਇਸ ਇਲਾਹੀ **'ਹੁਕਮ ਦੀ ਕਾਰ' ਵਿਚ 'ਕਿਰਨਾਂ'** ਦੀ ਕੋਈ ਸਿਆਣਪ ਜਾਂ ਵਿਉਂਤ ਨਹੀਂ ਹੈ । ਇਹਨਾਂ ਦੀ ਇਹ **'ਹੁਕਮੀ-ਕਾਰ' ਹੀ** ਇਹਨਾਂ ਕਿਰਨਾਂ ਦੇ ਅੰਤਰ-ਆਤਮੇ **ਨਾਲ-ਲਿਖਿਆ ਹੋਇਆ 'ਆਤਮਿਕ ਧਰਮੁ' ਹੈ ।**

**'ਕਿਰਨਾਂ' ਨੇ** ਆਪਣਾ 'ਆਤਮਿਕ ਧਰਮ', ਕਿਤੋਂ ਬਾਹਰੋਂ—

ਪੜ੍ਹਿਆ-ਪੜ੍ਹਾਇਆ
ਸਿਖਿਆ ਸਿਖਾਇਆ
ਸਮਝਿਆ ਸਮਝਾਇਆ
ਜਾਣਿਆ
ਨਕਲ ਕੀਤਾ
ਘੜਿਆ
ਵਿਉਂਤਿਆ

**ਨਹੀਂ ਹੈ ।** ਬਲਕਿ ਇਹ ਤਾਂ **ਕਿਰਨਾਂ ਦੀ 'ਹੋਂਦ' ਦੇ ਨਾਲ ਹੀ—**

ਗੁਪਤੀ ਤੌਰ ਤੇ ਪ੍ਰਵੇਸ਼ ਹੈ
ਛੁਪਿਆ ਹੋਇਆ ਹੈ



worship
labour
salvation
adroitness
emancipation
life
'religion'.

1 *O Nanak, whatever the Gurmukhs do is acceptable; they remain lovingly absorbed in the Naam, the Name of the Lord.* 650

2 *Fruitful is service to the True Guru, if one does so with a sincere mind.* 644

3 *Those whose hearts are filled with the love of the Lord, Har, Har, are the wisest and most clever people, O Lord King.*
*Even if they misspeak outwardly, they are still very pleasing to the Lord.* 450

All the virtues of the sun like light, heat, energy, life-current etc. are present in its rays.

The sun bound by divine command manifests and extends its virtues through these rays.

In this way bound by divine *hukam* or command, these rays spontaneously and automatically share the virtues of their source, the sun, with the whole world.

In the 'operation of this divine command', the rays use no intelligence or planning of their own. Their operative divine command is indeed their innate inlaid 'divine religion'.

The rays have not
learnt - taught
studied – tutored
understood – explained
known
immitated
fashioned
planned

their 'divine religion from outside. In fact it -

is secretly present
is hidden

**'ਨਾਲ ਲਿਖਿਆ'** ਹੋਇਆ ਹੈ
**ਹੁਕਮ ਰਜ਼ਾਈ ਚਲਣਾ ਹੈ**
**ਹੁਕਮ ਦੀ ਕਾਰ ਹੈ**

**ਜੋ**—

ਅਨਜਾਣੇ (unconsciously)
ਸੁਤੇ ਸਿਧ (automatically)
ਆਪ ਮੁਹਾਰੇ (spontaneously)

**ਹੋ ਰਹੀ ਹੈ ।**

ਐਨ ਏਸੇ ਤਰ੍ਹਾਂ—**'ਜੀਵ' ਦੇ 'ਅੰਤਰ-ਆਤਮੇ-ਇਲਾਹੀ 'ਜੋਤ' ਦੀ 'ਕਿਰਨ'** ਹੈ, ਜਿਸ ਦੇ ਨਾਲ ਹੀ, **'ਜੀਵ' ਦਾ ਨਿਜੀ ਗੁਪਤ, 'ਆਤਮਿਕ ਧਰਮੁ' ਭੀ ਲਿਖਿਆ ਹੋਇਆ ਹੈ ।**

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਪੰਨਾ-੧)

**ਬੇ-ਖਰੀਦ-'ਹੁਕਮੀ ਬੰਦੇ' ਬਣ ਕੇ, ਇਲਾਹੀ 'ਹੁਕਮ' ਦੇ ਭਾਣੇ ਵਿਚ ਚਲਣਾ ਹੀ, ਇਨਸਾਨ ਦਾ ਇਕੋ-ਇਕ, ਗੁਪਤੀ, ਨਾਲ ਲਿਖਿਆ, ਅਟੱਲ, ਅਭੁਲ, ਸਦੀਵੀ, ਸਰਬੱਗ ਤੇ ਵਿਸ਼ਵ 'ਆਤਮਿਕ ਧਰਮੁ' ਹੈ ।**

'ਜੀਵ' ਦਾ ਇਹ **'ਆਤਮਿਕ ਧਰਮੁ'** ਬਾਹਰੋਂ, ਪੜ੍ਹਿਆ-ਪੜ੍ਹਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ, ਵਿਉਂਤਿਆ, ਘੜਿਆ, ਠੋਸਿਆ ਜਾਂ ਬਦਲਿਆ **ਨਹੀਂ ਜਾ ਸਕਦਾ**– **ਬਲਕਿ** ਅਨਜਾਣੇ, ਸਹਜ-ਸੁਭਾਇ, ਸੁਤੇ-ਸਿਧ, ਆਪ-ਮੁਹਾਰੇ, **ਮੰਨਿਆ ਤੇ ਕਮਾਇਆ ਜਾਂਦਾ ਹੈ ।**

ਪਰ, ਮਨੁਖ ਆਪਣੇ ਕਰਮਾਂ ਕਰਕੇ, **ਹਉਮੈ ਦੇ ਭਰਮ-ਭੁਲਾਵੇ ਦੀ ਅਗਿਆਨਤਾ ਵਿਚ, ਆਪਣੇ 'ਨਾਲ-ਲਿਖੇ' 'ਇਲਾਹੀ ਧਰਮੁ' ਨੂੰ ਭੁਲ ਕੇ, 'ਬੇਮੁਖ' ਹੋ ਗਿਆ ਹੈ** ਅਤੇ **ਆਪਣੀ ਸਿਆਣਪ ਨਾਲ 'ਆਪ-ਹੁਦਰਾ' ਹੋ ਕੇ, 'ਆਪਣੇ ਹੀ ਭਾਣੇ' ਵਿਚ ਚਲਦਾ ਅਤੇ ਦੁਖੀ ਹੋ ਰਿਹਾ ਹੈ ।**

"ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥" (ਪੰਨਾ-੬੦੧)

"ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥" (ਪੰਨਾ-੮੫)

"ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥" (ਪੰਨਾ-੬੬)

ਚਲਦਾ...



is inlaid
is operating by the will or *hukam* or command
is the activity of *hukam* or command

within the existence of the rays which is functioning

unconsciously
automatically
spontaneously.

Exactly in the same way within the innate self of the being, the ray of spiritual light exists. Written within this light too, is the being's personal secret 'divine religion'.

1 *O Nanak, it is written that you shall obey the Hukam of His Command, and walk in the Way of His Will.* 1

By becoming the irretrievable slave and abiding by the divine will or command is man's one and only one, secret, inlaid, permanent, unerring, eternal, dominant and universal 'divine religion'.

This 'divine religion' of man cannot be learnt or thought, studied or tutored, understood or explained, planned, fashioned, imposed or changed. Instead it can be earned and cultivated unintentionally, by itself, automatically and spontaneously.

But man, because of the deeds (committed) in the ignorance of the doubt fallacy of egotism, has become an apostate and has forgotten his inlaid 'divine religion'. Using his own intellect and acting through his own stubborn nature, he walks on the path of his own will and suffers accordingly.

2 *One who walks according to his own will, O Siblings of Destiny, suffers separation from the Lord, and shall be punished.* 601

3 *One who does not know the Hukam of the Lord's Command cries out in terrible pain. She is filled with deception, and she cannot sleep in peace.* 85

4 *The wretched fools do not know the Lord's Will; they wander around making mistakes.*
*They go about their business stubborn-mindedly; they are disgraced forever and ever* 66

 Cont /......Lekh 51